INDEX GOVERNMENT OF PUNJAB
DEPARTMENT OF PERSONNEL
(PERSONNEL POLICIES BRANCH-I)

Dated: 21.10.2021 To 31.12.2021

INDEX


| Sr. No. | Instruction | Date | Subject | Page No. |
|---|---|---|---|---|
| 1 | G.S.R.1 49/Const. /Art.309/Amnd.(3) /2021 | 13.10.2021 (22.10.2021) | The Punjab Recruitment of Sportsmen( First Amendment) Rules, 2021 | 1-4 |
| 2 | PERS-PP4/45/2021-1PP4/1000 | 25.10.2021 | ਗਰੁੱਪ ਡੀ ਕਰਮਚਾਰੀਆਂ ਦੀ ਸਾਰੇ ਵਿਭਾਗਾਂ ਵਿੱਚ ਨਿਯਮਤ ਤੌਰ ਤੇ ਭਰਤੀ ਕਰਨ ਸਬੰਧੀ। | 5 |
| 3 | 15/27/2008-2ਪੀ.ਪੀ.1/961 | 26.10.2021 | ਗਰੁੱਪ ਏ,ਬੀ, ਸੀ, ਡੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲ 2020-2021 ਦੀ APARs ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ।(ਕੇਵਲ ਰਾਜ ਦੇ ਸਮੂਹ ਵਿਭਾਗਾਂ ਲਈ) | 6-7 |
| 4 | 03/18/2009-3ਪੀਪੀ1/968 | 26.10.2021 | ਵਿਭਾਗੀ ਤਰੱਕੀ ਕਮੇਟੀ ਦੀਆਂ ਮੀਟਿੰਗਾਂ ਨਿਯਮਤਕਾਲੀ ਸਮੇਂ ਮੁਤਾਬਿਕ ਅਤੇ ਮੁਕੰਮਲ ਦਸਤਾਵੇਜ ਸਮੇਤ ਕਰਨ ਸਬੰਧੀ। | 8-9 |
| 5 | 11/08/2021-4ਪੀ.ਪੀ3/1219 | 09.11.2021 | ਪੰਜ ਸਾਲਾ ਵਰਕ ਪ੍ਰੋਗਰਾਮ 2017-2022 ਵਜੋਂ ਪੰਜਾਬ ਸਰਕਾਰ ਵੱਲੋਂ ਮਿਤੀ ਬੱਧ ਤਰੀਕੇ ਨਾਲ ਲਾਗੂ ਕਰਨ ਸਬੰਧੀ। | 10 |
| 6 | 14/03/2021-2ਪੀ.ਪੀ 3/1220 | 09.11.2021 | ਅਧਿਕਾਰੀਆਂ/ਕਰਮਚਾਰੀਆਂ ਦੀ ਸੇਵਾ ਨਵਿਰਤੀ ਉਪਰੰਤ ਮੁੜ ਨਿਯੁਕਤੀ ਖਤਮ ਕਰਨ ਬਾਰੇ। | 11 |
| 7 | 15/27/2008-2ਪੀ.ਪੀ.1/1005 | 18.11.2021 | ਗਰੁੱਪ ਏ,ਬੀ, ਸੀ, ਡੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲ 2020-2021 ਦੀ APARs ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ ।(ਕੇਵਲ ਰਾਜ ਦੇ ਸਮੂਹ ਵਿਭਾਗਾਂ ਲਈ) | 12-13 |
| 8 | 7/1/2014-3ਪੀਪੀ2/195 | 23.11.2021 | ਅਧਿਕਾਰੀਆਂ/ਕਰਮਚਾਰੀਆਂ ਦੀਆਂ ਬਦਲੀਆਂ/ਤੈਨਾਤੀਆਂ ਕਰਨ ਸਬੰਧੀ | 14-15 |
| 9 | 1/4/2021-5ਪੀ.ਪੀ.1/1158 | 03.12.2021 | ਪੰਜਾਬ ਸਰਕਾਰ ਅਧੀਨ ਸਿੱਧੀ ਭਰਤੀ ਲਈ ਲੋੜੀਂਦੀ ਪੰਜਾਬੀ ਭਾਸ਼ਾ ਦੀ ਯੋਗਤਾ ਸਮੂਹ ਵਿਭਾਗਾਂ ਦੇ ਨਾਲ ਨਾਲ ਬੋਰਡਾਂ/ਕਾਰਪੋਰੇਸ਼ਨਾਂ /ਕਮਿਸ਼ਨਾਂ/ਅਥਾਰਟੀਆਂ ਆਦਿ ਵਿੱਚ ਇੰਨ ਬਿੰਨ ਲਾਗੂ ਕਰਨ ਬਾਰੇ | 16-17 |
| 10 | PERS-PP-20CAPP/45/2021-4PP2/210 | 06.12.2021 | ਪਹਿਲ ਦੇ ਆਧਾਰ ਤੇ ਨਿਯੁਕਤੀ ਵਿੱਚ ਵਿਧੁਰ (Widower)ਦੀ ਉਮਰ ਦੀ ਉਪਰਲੀ ਸੀਮਾ ਵਿੱਚ ਵਾਧਾ ਕਰਨ ਸਬੰਧੀ। | 18 |
| 11 | 14/03/2021-2ਪੀ.ਪੀ.3/1310 | 06.12.2021 | ਅਧਿਕਾਰੀਆਂ/ਕਰਮਚਾਰੀਆਂ ਦੀ ਸੇਵਾ ਨਵਿਰਤੀ ਉਪਰੰਤ ਮੁੜ ਨਿਯੁਕਤੀ ਖਤਮ ਕਰਨ ਬਾਰੇ। | 19 |
| 12 | 15/98/18-6PP3/1317 | 06.12.2021 | Combined examination for recruitment to similar posts/services-procedure regarding allocation of candidates to various services. | 20 |
| 13 | 06/01/2021- | 10.12.2021 | ਕਲੰਡਰ ਸਾਲ 2022 ਦੌਰਾਨ ਪੰਜਾਬ ਸਰਕਾਰ ਦੀਆਂ | 21-28 |

| | | | | |
|---|---|---|---|---|
| | 2ਪੀ.ਪੀ.3/1372-1388 | | ਛੁੱਟੀਆਂ ਦੀ ਨੋਟੀਫਿਕੇਸ਼ਨ | |
| 14 | 06/01/2021-<br>2ਪੀ.ਪੀ.3/1389-1405 | 10.12.2021 | ਨੈਗੋਸ਼ੀਏਬਲ ਇੰਸਟਰੂਮੈਂਟ ਐਕਟ 1881 ਅਧੀਨ ਸਾਲ 2022 ਦੌਰਾਨ ਛੁੱਟੀਆਂ ਘੋਸ਼ਿਤ ਕਰਨ ਬਾਰੇ | 29-32 |
| 15 | 15/27/2008-<br>2ਪੀ.ਪੀ.1/1174 | 10.12.2021 | ਗਰੁੱਪ ਏ,ਬੀ, ਸੀ, ਡੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲ 2020-2021 ਦੀ APARs ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ। | 33-34 |
| 16 | 1/4/2021-<br>5ਪੀ.ਪੀ.1/1183 | 13.12.2021 | ਪੰਜਾਬ ਸਰਕਾਰ ਅਧੀਨ ਸਿੱਧੀ ਭਰਤੀ ਲਈ ਲੋੜੀਂਦੀ ਪੰਜਾਬੀ ਭਾਸ਼ਾ ਦੀ ਯੋਗਤਾ ਸਮੂਹ ਵਿਭਾਗਾਂ ਦੇ ਨਾਲ ਨਾਲ , ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ, ਅਥਾਰਟੀਆਂ,Parastatals ਆਦਿ ਵਿੱਚ ਇੰਨ ਬਿੰਨ ਲਾਗੂ ਕਰਨ ਬਾਰੇ। | 35 |
| 17 | 2/4/2021-<br>2ਪੀ.ਪੀ.4/1077 | 20.12.2021 | ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਦਾ ਮੁਲਾਂਕਣ ਕਰਨ ਸਬੰਧੀ ਆਫ਼ੀਸਰਜ਼ ਕਮੇਟੀ ਦਾ ਗਠਨ। | 36 |
| 18 | PERS-PP-<br>20PLCY/55/21-<br>3PP2/233 | 23.12.2021 | ਦਰਜਾ-4 ਅਤੇ ਦਰਜਾ-3 (ਜਿੰਨ੍ਹਾਂ ਦਾ ਤਨਖਾਹ ਸਕੇਲ ਕਲਰਕ ਤੋਂ ਘੱਟ ਹੈ) ਤੋਂ ਕਲਰਕ ਦੀ ਪਦ ਉੱਨਤੀ ਲਈ ਟਾਈਪ ਟੈਸਟ ਸਬੰਧੀ ਜਾਰੀ ਹਦਾਇਤਾਂ ਬਾਰੇ ਸਪਸ਼ਟੀਕਰਨ ਕਰਨ ਸਬੰਧੀ। | 37-38 |

# Punjab Government Gazette

## ORDINARY

*Published by Authority*

CHANDIGARH, FRIDAY, OCTOBER 22, 2021
(ASVINA 30, 1943 SAKA)

LEGISLATIVE SUPPLEMENT

**Contents**


| | | Pages |
|---|---|---|
| **Part-I** | **Acts** | |
| | *Nil* | |
| **Part-II** | **Ordinances** | |
| | *Nil* | |
| **Part-III** | **Delegated Legislation** | |
| | Notification No. G.S.R. 149/Const./Art.309/ Amd.(3)/2021, dated the 13th October, 2021, containing amendment in the Punjab Recruitment of Sportsmen Rules, 1988. | 2633-2635 |
| **Part-IV** | **Correction Slips, Republications and Replacements** | |
| | *Nil* | |

**PART III**

**GOVERNMENT OF PUNJAB**

DEPARTMENT OF PERSONNEL
(PERSONNEL POLICIES-2 BRANCH)

**NOTIFICATION**

The 13th October, 2021

**No. G.S.R. 149/Const./Art.309/Amd.(3)/2021.**-In exercise of the powers conferred by the proviso to Article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Recruitment of Sportsmen Rules, 1988, namely:-

**RULES**

1. (1) These rules may be called the Punjab Recruitment of Sportsmen (First Amendment) Rules, 2021.

(2) They shall come into force on and with effect from the date of their publication in the Official Gazette.

2. In the Punjab Recruitment of Sportsmen Rules, 1988, after rule 3, the following rule shall be inserted, namely: -

" 3A. Special provision for sportsmen with very high achievements.- (1) For the purposes of this rule, only the following categories of sportsmen shall be eligible for appointment against State Civil Services and posts connected with the affairs of the State of Punjab, namely: -

(i) Medal winners of Olympic Games;

(ii) Medal winners of Asian Games;

(iii) Medal winners of Commonwealth Games; and

(iv) Medal winners of International Sports Events as per the table given below:-

**Table**

| Serial No | International Sports Events | Periodicity |
|---|---|---|
| 1 | World Cup Football | 4 yearly |
| 2 | IAAF World Cup in Athletics | 4 yearly |
| 3 | FIBA Basketball World Cup | 4 yearly |
| 4 | Volleyball World Cup | 4 yearly |
| 5 | Hockey World Cup | 4 yearly |

(2) Notwithstanding anything contained in any other rule, the Government may offer any post in the Government including Group A posts to a sportsman referred to in sub-rule (1), if the sportsman fulfills the educational qualifications and the age requirement for the post offered. There shall be no relaxation in educational qualifications or age:

Provided that a post of the Punjab Civil Services (Executive Branch) or the Punjab Police Services shall only be offered to those sportsmen who are:

(i) Medal Winners of Olympic Games;

(ii) Medal Winners of International Sports Events referred to in clause (iv) of sub-rule (1);

(iii) Gold medal and Silver medal winners of Asian Games;

(iv) Gold medal and Silver medal winners of Common Wealth Games.

(3) If a post reserved for the sportsman in the **relevant category to which the applicant belongs** is available in the Department in which the post is offered, then the appointment shall be considered to be made against that post:

Provided that even if no post of sportsman is available in the relevant category, in the department, the Government may still offer a post to the sportsman who is eligible under these rules, in which case the appointment shall be considered to be made against the post of a sportsman in the relevant category which occurs in future and that such post occurring in future shall be deemed to be consumed:

Provided further that if the Government exercising the power under sub-rule (3) appoints sportsman exceeding the number of posts available in the relevant category in any department then, in future, any post in that particular category in that department shall not be offered till such time the excess of offered posts is adjusted against subsequently occurring reserved sportsman seats of that category in that department.

(4) (A) If the number of posts offered to sportsmen in any category in any department is less than the number of available applicants for that post, then the selection shall be done in the following order, namely :-

**Category1-** Medal winners of Olympic Games and International Sports Events mentioned in the table given in sub-rule (1) ;

**Category 2-** Medal winners of Asian Games;

**Category 3-** Medal winners of Commonwealth Games.

(B) In the same category, the gold medal winner shall be preferred over silver medal winner and silver medal winner shall be preferred over bronze medal winner.

(C) Between two sportsmen having the same medal, winner of the medal in an individual event shall be preferred over the medal winner of team event.

(D) After the above exercise, if two medal winners remain equal to each other, then the preference shall be decided by draw of lots.

(5) The sportsman referred to in sub-rule (1) shall be eligible to apply for any post under this rule within a period of four years from the date of his/her winning the medal.

(6) If a sportsman, who has won a medal referred to in sub-rule (1), does not have minimum educational qualification required for the post for which he has applied, the Government can allow him to improve his educational qualifications within a period of five years from the date of winning of medal.

Provided that the applicant shall be appointed only after attaining the requisite qualification:

Provided further that if the applicant sportsman is not able to attain the educational qualification within the period prescribed in this sub-rule (5), the provisional offer shall be deemed to be withdrawn and the Government may offer another post for which he is educationally qualified.

(7) The posts offered to eligible sportsman under this rule shall be deemed to have been taken out of the purview of Punjab Public Service Commission."

**ANIRUDH TEWARI,**
Chief Secretary to Government of Punjab.

*2422/10-2021/Pb. Govt. Press, S.A.S. Nagar*

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ. -4 ਸ਼ਾਖਾ)

ਵਿਸ਼ਾ : ਗਰੁੱਪ-ਡੀ ਕਰਮਚਾਰੀਆਂ ਦੀ ਸਾਰੇ ਵਿਭਾਗਾਂ ਵਿੱਚ ਨਿਯਮਤ ਤੌਰ ਤੇ ਭਰਤੀ ਕਰਨ ਸਬੰਧੀ।

********

ਸਮੂਹ ਸਪੈਸ਼ਲ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਮੰਤਰੀ ਪ੍ਰੀਸ਼ਦ ਦੀ ਮਿਤੀ 18.10.2021 ਨੂੰ ਹੋਈ ਮੀਟਿੰਗ ਵਿੱਚ ਵਿਸ਼ਾ ਅੰਕਿਤ ਮਾਮਲੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਸਬੰਧੀ ਲਿਆ ਗਿਆ ਫੈਸਲਾ ਹੇਠ ਲਿਖੇ ਅਨੁਸਾਰ ਹੈ :-

" ਮੰਤਰੀ ਪ੍ਰੀਸ਼ਦ ਵੱਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਪਿਛਲੇ ਸਮੇਂ ਦੌਰਾਨ ਵੱਖ ਵੱਖ ਵਿਭਾਗਾਂ ਦੇ ਪੁਨਰਗਠਨ ਵੇਲੇ ਗਰੁੱਪ-ਡੀ ਕਰਮਚਾਰੀਆਂ ਨੂੰ ਆਊਟਸੋਰਸ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਕੁੱਝ ਵਿਭਾਗਾਂ ਵਿੱਚ ਇਸ ਸਬੰਧੀ ਫੈਸਲਾ ਅਜੇ ਲੰਬਿਤ ਸੀ। ਇਸ ਸਾਰੇ ਮਾਮਲੇ ਤੇ ਨਜਰਸਾਨੀ ਕਰਦੇ ਹੋਏ ਮੁੜ ਫੈਸਲਾ ਕੀਤਾ ਗਿਆ ਕਿ ਗਰੁੱਪ-ਡੀ ਕਰਮਚਾਰੀਆਂ ਦੀ ਅੱਗੇ ਤੋਂ ਸਾਰੇ ਵਿਭਾਗਾਂ ਵਿੱਚ ਨਿਯਮਤ ਤੌਰ ਤੇ ਭਰਤੀ ਕੀਤੀ ਜਾਵੇਗੀ। "

3. ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਮੰਤਰੀ ਪ੍ਰੀਸ਼ਦ ਦੇ ਫੈਸਲੇ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇ।

ਗੁਰਸੇਵਕ ਸਿੰਘ
Gursewak Singh
Superintendent
25.10.2021

ਸੇਵਾ ਵਿਖੇ,

ਸਮੂਹ ਸਪੈਸ਼ਲ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

ਅੰ:ਵਿ:ਪੱ:ਨੰ: PERS-PP4/45/2021-1PP4/1000 ਮਿਤੀ : 25/10/2021

ਨੰ. 15/27/2008-2ਪੀ.ਪੀ.1/ 961

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸਾਖਾ)

ਮਿਤੀ, ਚੰਡੀਗੜ੍ਹ 26/10/2021

ਸੇਵਾ ਵਿੱਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- ਗਰੁੱਪ ਏ.,ਬੀ.,ਸੀ. ਅਤੇ ਡੀ ਦੇ ਅਧਿਕਾਰੀ/ਕਰਮਚਾਰੀ ਦੀ ਸਾਲਾਨਾ ਏ.ਪੀ.ਏ.ਆਰ ਦੀ ਸਾਲ 2020-21 ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ।

<u>(ਕੇਵਲ ਰਾਜ ਦੇ ਸਮੂਹ ਵਿਭਾਗਾਂ ਲਈ)</u>

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ:15/27/2008-2ਪੀ.ਪੀ.1/900, ਮਿਤੀ 30.09.2021, ਵੱਲ ਦਿਵਾਉਂਦੇ ਹੋਏ, ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਰਿਪੋਰਟਕਰਤਾ/ਰਿਵਿਊਕਰਤਾ ਅਥਾਰਟੀ ਵੱਲੋਂ ਉਨ੍ਹਾਂ ਅਧੀਨ ਕੰਮ ਕਰਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਏ.ਪੀ.ਏ.ਆਰਜ਼ ਲਿਖਣ ਦਾ ਸਮਾਂ ਵਧਾਇਆ ਗਿਆ ਸੀ। ਇਹ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਵਿਭਾਗਾਂ ਵਿਖੇ ਆ ਰਹੀਆਂ ਤਕਨੀਕੀ ਦਿੱਕਤਾਂ ਕਾਰਨ ਰੀਵਿਊਕਰਤਾ ਅਥਾਰਿਟੀਆਂ ਵੱਲੋਂ APARs ਨਹੀਂ ਲਿਖੀਆਂ ਗਈਆਂ ਹਨ। ਸਮੁੱਚੀ ਸਥਿਤੀ ਨੂੰ ਵਿਚਾਰਦੇ ਹੋਏ ਸਰਕਾਰ ਵੱਲੋਂ ਰਿਵਿਊਕਰਤਾ ਅਤੇ ਪ੍ਰਵਾਨਕਰਤਾ ਅਧਿਕਾਰੀ ਦੁਆਰਾ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼ ਲਿਖਣ ਸਬੰਧੀ ਸਮਾਂ ਵਧਾਉਣ ਲਈ ਫੈਸਲਾ ਲਿਆ ਗਿਆ ਹੈ। ਇਸ ਲਈ ਸਮੂਹ ਵਿਭਾਗ ਨਵੀਂ ਸਮੇਂ ਸਾਰਣੀ ਅਨੁਸਾਰ ਏ.ਪੀ.ਏ.ਆਰਜ਼ ਸਬੰਧੀ ਕਾਰਵਾਈ ਕਰਨੀ ਯਕੀਨੀ ਬਣਾਉਣ।

2. <u>ਰਾਜ ਦੇ ਸਮੂਹ ਵਿਭਾਗਾਂ</u> ਵਿਖੇ ਰੀਵਿਊਕਰਤਾ ਅਤੇ ਪ੍ਰਵਾਨਕਰਤਾ ਅਥਾਰਟੀਆਂ ਦੁਆਰਾ ਏ.ਪੀ.ਏ.ਆਰਜ਼ ਲਿਖਣ ਦੀ ਸਮੇਂ ਸਾਰਣੀ ਵਿੱਚ ਹੇਠ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

| ਲੜ੍ਹੀ ਨੰ. | APAR ਲਿਖਣ ਦਾ ਪੱਧਰ | ਮੌਜੂਦਾ (for 2020-2021) | ਸੋਧੀ ਹੋਈ ਮਿਤੀ |
|---|---|---|---|
| 1. | ਰੀਵਿਊਕਰਤਾ ਅਧਿਕਾਰੀ ਵੱਲੋਂ ਟਿੱਪਣੀ ਦਰਜ ਕਰਨ ਦੀ ਅਖੀਰੀ ਮਿਤੀ | 25 ਅਕਤੂਬਰ ਤੱਕ | 05 ਨਵੰਬਰ |
| 2. | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕਰਨ ਦੀ ਅਖੀਰੀ ਮਿਤੀ | 15 ਨਵੰਬਰ ਤੱਕ | 20 ਨਵੰਬਰ |

2. ਉਕਤ ਸਮੇਂ ਸਾਰਣੀ ਪੀ.ਸੀ.ਐਸ. ਕਾਡਰ ਅਤੇ ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਪ੍ਰਸ਼ਾਸਨ) ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੀਆਂ।

3. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

ਅਧੀਨ ਸਕੱਤਰ, ਪ੍ਰਸੋਨਲ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰਜ਼/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:15/27/2008-2ਪੀ.ਪੀ.1/ 962 ਮਿਤੀ, ਚੰਡੀਗੜ੍ਹ: 26/10/2021

ਅੰ:ਵਿ:ਪੱ:ਨੰ:15/27/2008-2ਪੀ.ਪੀ.1/ 963 ਮਿਤੀ, ਚੰਡੀਗੜ੍ਹ: 26/10/2021

ਉਕਤ ਦਾ ਇੱਕ ਉਤਾਰਾ ਸ੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ (ਉਕਤ ਸਮੇਂ ਸਾਰਣੀ ਅਨੁਸਾਰ ਅਥਾਰਟੀਆਂ ਦੀ ਪੋਰਟਲ ਖੋਲਣ) ਲਈ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਅਧੀਨ ਸਕੱਤਰ, ਪ੍ਰਸੋਨਲ

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ-1 ਸਾਖਾ)

ਵਿਸ਼ਾ:- ਵਿਭਾਗੀ ਤਰੱਕੀ ਕਮੇਟੀ ਦੀਆਂ ਮੀਟਿੰਗਾਂ ਨਿਯਮਤਕਾਲੀ ਸਮੇਂ ਮੁਤਾਬਿਕ ਅਤੇ ਮੁਕੰਮਲ ਦਸਤਾਵੇਜ਼ ਸਮੇਤ ਕਰਨ ਸਬੰਧੀ।

********

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਸਕੱਤਰ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪ੍ਰਸੋਨਲ ਵਿਭਾਗ ਦੇ ਗਸ਼ਤੀ ਪੱਤਰ ਨੰ: 03/64/95-3ਪੀ.ਪੀ.1/25643, ਮਿਤੀ 21.11.1995, ਨੰ.03/11/2009-3 ਪੀ.ਪੀ.1, ਮਿਤੀ 5997, ਮਿਤੀ 23.04.2009, ਨੰ. 03/18/2009-3ਪੀ.ਪੀ.1/559, ਮਿਤੀ 23.08.2010, ਨੰ 03/18/2009-3ਪੀ.ਪੀ.1/580, ਮਿਤੀ 30.06.2014, ਨੰ.03/18/2009-3ਪੀ.ਪੀ.1/846183/3, ਮਿਤੀ 23.09.2016, ਨੰ. 03/18/2009-3ਪੀ.ਪੀ.1/222, ਮਿਤੀ 25.10.2016 ਅਤੇ ਨੰ. 03/18/2009-3ਪੀ.ਪੀ.1/1195203/1-3, ਮਿਤੀ 23.03.2018 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਪ੍ਰਸੋਨਲ ਵਿਭਾਗ ਵੱਲੋਂ ਸਮੇਂ ਸਮੇਂ ਸਿਰ ਜਾਰੀ ਉਕਤ ਪੱਤਰਾਂ ਰਾਹੀਂ ਆਪ ਦੇ ਅਧੀਨ ਆਉਂਦੇ ਵਿਭਾਗਾਂ ਨੂੰ ਲਿਖਿਆ ਜਾਂਦਾ ਰਿਹਾ ਹੈ ਕਿ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਦਾ ਹਰ ਪੱਖੋਂ ਮੁਕੰਮਲ ਏਜੰਡਾ ਨੋਟ ਮੀਟਿੰਗ ਦੀ ਮਿਤੀ ਤੋਂ 15 ਕਾਰਜ ਵਾਲੇ ਦਿਨ ਪਹਿਲਾਂ ਭੇਜਿਆ ਜਾਵੇ। ਪਰੰਤੂ ਇਹ ਆਮ ਦੇਖਣ ਵਿੱਚ ਆਇਆ ਹੈ ਕਿ ਡੀ.ਪੀ.ਸੀ. ਦੀ ਮੀਟਿੰਗ ਦਾ ਏਜੰਡਾ ਨਿਸ਼ਚਿਤ ਸਮੇਂ ਤੇ ਨਹੀਂ ਭੇਜਿਆ ਜਾਂਦਾ ਅਤੇ ਕਈ ਵਾਰ ਏਜੰਡਾ ਨੋਟ ਚੈਕ ਲਿਸਟ ਮੁਤਾਬਿਕ ਹਰ ਪੱਖੋਂ ਮੁਕੰਮਲ ਵੀ ਨਹੀਂ ਹੁੰਦਾ ਹੈ। ਇਸ ਕਾਰਨ ਮਾਮਲੇ ਸਬੰਧੀ ਕਈ ਤੱਥ ਘੋਖਣ ਤੋਂ ਰਹਿ ਜਾਂਦੇ ਹਨ। ਅਜਿਹੇ ਹਾਲਾਤਾਂ ਵਿੱਚ ਪ੍ਰਸੋਨਲ ਵਿਭਾਗ ਦੇ ਨੁਮਾਇੰਦੇ ਵੱਲੋਂ ਮੀਟਿੰਗ ਵਿੱਚ ਵਿਭਾਗ ਦਾ ਪੱਖ ਪੇਸ਼ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ, ਜਿਸ ਨਾਲ ਭਵਿੱਖ ਵਿੱਚ ਕਈ ਤਰ੍ਹਾਂ ਦੀਆਂ ਕਾਨੂੰਨੀ/ਪ੍ਰਸ਼ਾਸਕੀ ਅੌਕੜਾਂ ਅਤੇ ਬੇਲੋੜੀ ਲਿਟੀਗੇਸ਼ਨ ਪੈਦਾ ਹੋਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ।

3. ਉਕਤ ਮਾਮਲੇ ਸਬੰਧੀ ਪੇਸ਼ ਆ ਰਹੀਆਂ ਅੌਕੜਾਂ ਨੂੰ ਮੁੱਖ ਰੱਖਦੇ ਹੋਏ ਮੁੜ ਦੁਹਰਾਇਆ ਜਾਂਦਾ ਹੈ ਕਿ ਵਿਭਾਗੀ ਤਰੱਕੀ ਕਮੇਟੀ ਲਈ ਭੇਜੇ ਜਾਣ ਵਾਲੇ ਏਜੰਡੇ ਸਬੰਧੀ ਹੇਠ ਲਿਖੇ ਨੁਕਤਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਜੋ ਵਿਚਾਰੇ ਜਾਣ ਵਾਲੇ ਮਾਮਲਿਆਂ ਵਿੱਚ ਬੇਲੋੜੀ ਦੇਰੀ ਤੋਂ ਬਚਿਆ ਜਾ ਸਕੇ:-

ੳ) ਵਿਭਾਗੀ ਤਰੱਕੀ ਕਮੇਟੀ ਮੀਟਿੰਗ ਦਾ ਨੋਟਿਸ ਅਤੇ ਏਜੰਡਾ ਨੋਟ, ਪ੍ਰਬੰਧਕੀ ਵਿਭਾਗ ਦੇ ਸਮਰੱਥ ਅਧਿਕਾਰੀ ਦੇ ਹਸਤਾਖਰਾਂ ਅਧੀਨ ਭੇਜਿਆ ਜਾਵੇ।

ਅ) ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਦਾ ਨੋਟਿਸ 15 ਦਿਨ ਪਹਿਲਾਂ ਅਤੇ ਏਜੰਡਾ ਨੋਟ ਘੱਟੋਂ ਘੱਟ 7 ਕੰਮ ਵਾਲੇ ਦਿਨ ਪਹਿਲਾਂ ਭੇਜਣਾ ਯਕੀਨੀ ਬਣਾਇਆ ਜਾਵੇ।

ੲ) ਡੀ.ਪੀ.ਸੀ. ਮੀਟਿੰਗ ਲਈ ਏਜੰਡਾ ਡੀ.ਪੀ.ਸੀ. ਗਾਈਡਲਾਈਨਜ਼ ਅਤੇ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਹਰ ਪੱਖੋਂ ਮੁਕੰਮਲ (ਜਿਵੇਂ ਕਿ ਚੈਕ ਲਿਸਟ, ਨੋਟੀਫਾਈਡ ਮੁਕੰਮਲ ਵਿਭਾਗੀ ਨਿਯਮਾਂ ਦੀ ਕਾਪੀ, ਫਾਈਨਲ ਸੀਨੀਆਰਤਾ ਸੂਚੀ, ਅਪ-ਟੂ-ਡੇਟ ਗੁਪਤ ਰਿਕਾਰਡ,

ਦਿਆਨਤਦਾਰੀ ਸਰਟੀਫਿਕੇਟ, ਪਰਖਕਾਲ ਸਮਾਂ ਪਾਰ ਕਰਨ, ਵਿਦਿਅਕਯੋਗਤਾ ਅਤੇ ਵਿਭਾਗੀ/ਵਿਜੀਲੈਂਸ/ਅਨੁਸ਼ਾਸਨੀ ਕਾਰਵਾਈ/ਕੋਰਟ ਕੇਸ ਦਾ ਸਰਟੀਫਿਕੇਟ) ਤਿਆਰ ਕੀਤਾ ਜਾਵੇ।

ਸ) ਇਸ ਵਿਭਾਗ ਵੱਲੋਂ ਜੇਕਰ ਏਜੰਡੇ ਵਿੱਚ ਪਾਈਆਂ ਗਈਆਂ ਖਾਮੀਆਂ ਬਾਰੇ ਪ੍ਰਬੰਧਕੀ ਵਿਭਾਗ ਨੂੰ ਪ੍ਰੇਖਣ ਕੀਤੇ ਜਾਂਦੇ ਹਨ, ਤਾਂ ਉਨ੍ਹਾਂ ਪ੍ਰੇਖਣਾਂ ਦਾ ਜਵਾਬ ਮੀਟਿੰਗ ਤੋਂ ਘੱਟੋ-ਘੱਟ 3 ਦਿਨ ਪਹਿਲਾਂ ਭੇਜਿਆ ਜਾਵੇ। ਜੇਕਰ ਇਸ ਵਿਭਾਗ ਵੱਲੋਂ ਕੀਤੇ ਪ੍ਰੇਖਣਾਂ ਦਾ ਜਵਾਬ/ਸਪਸ਼ਟੀਕਰਨ, ਉਕਤ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਪ੍ਰਾਪਤ ਨਹੀਂ ਹੁੰਦਾ ਤਾਂ ਪ੍ਰਸੋਨਲ ਵਿਭਾਗ ਡੀ.ਪੀ.ਸੀ. ਮੀਟਿੰਗ ਵਿੱਚ ਆਪਣਾ ਨੁਮਾਇੰਦਾ ਭੇਜਣ ਵਿੱਚ ਅਸਮਰੱਥ ਹੋਵੇਗਾ।

ਹ) ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਸੋਨਲ ਵਿਭਾਗ ਦੇ ਨੁਮਾਇੰਦੇ ਵੱਲੋਂ ਜੇਕਰ ਕੋਈ ਪ੍ਰੇਖਣ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਮੀਟਿੰਗ ਦੀ ਕਾਰਵਾਈ ਰਿਪੋਰਟ ਵਿੱਚ ਇੰਨ-ਬਿੰਨ ਸ਼ਾਮਿਲ ਕੀਤਾ ਜਾਵੇ।

ਕ) ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਤੋਂ ਬਾਅਦ 7 ਦਿਨਾਂ ਦੇ ਅੰਦਰ-ਅੰਦਰ ਮੀਟਿੰਗ ਦੀ ਕਾਰਵਾਈ ਪ੍ਰਸੋਨਲ ਵਿਭਾਗ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

5. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੰ:ਨੰ:03/18/2009-3ਪੀ.ਪੀ.1/968 ਮਿਤੀ, ਚੰਡੀਗੜ੍ਹ: 26/10/2021

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਸਕੱਤਰ/ਵਧੀਕ ਮੁੱਖ ਸਕੱਤਰ/ਸੰਯੁਕਤ ਸਕੱਤਰ/ਉਪ ਸਕੱਤਰ/ ਅਤੇ ਅਧੀਨ ਸਕੱਤਰ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿੱਖੇ

ਵਿਸ਼ੇਸ਼ ਸਕੱਤਰ/ਵਧੀਕ ਮੁੱਖ ਸਕੱਤਰ/
ਸੰਯੁਕਤ ਸਕੱਤਰ/ਉਪ ਸਕੱਤਰ/ ਅਤੇ
ਅਧੀਨ ਸਕੱਤਰ ਪੰਜਾਬ ਸਰਕਾਰ।

ਅੰ:ਵਿ:ਪੰ:ਨੰ:03/18/2009-3ਪੀ.ਪੀ.1/969 ਮਿਤੀ, ਚੰਡੀਗੜ੍ਹ: 26/10/2021

ਤੁਰੰਤ

**ਪੰਜਾਬ ਸਰਕਾਰ**
**ਪ੍ਰਸੋਨਲ ਵਿਭਾਗ**
**(ਪੀ.ਪੀ. 3 ਸ਼ਾਖਾ)**

**ਵਿਸ਼ਾ-** **"ਪੰਜ ਸਾਲਾ ਵਰਕ ਪ੍ਰੋਗਰਾਮ 2017-2022" ਵਜੋਂ ਪੰਜਾਬ ਸਰਕਾਰ ਵੱਲੋਂ ਮਿਤੀ-ਬੱਧ ਤਰੀਕੇ ਨਾਲ ਲਾਗੂ ਕਰਨ ਸਬੰਧੀ।**

******

ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਪੱਤਰ ਨੰ: 12/57/2017-1ਪੀ.ਪੀ.2/960832/1-2 ਮਿਤੀ 24-04-2017 ਵੱਲ ਧਿਆਨ ਦਵਾਉਂਦੇ ਹੋਏ ਮੁੜ ਦੁਹਰਾਇਆ ਜਾਂਦਾ ਹੈ ਕਿ ਮੰਤਰੀ ਪ੍ਰੀਸ਼ਦ ਦੀ ਮਿਤੀ 18.03.2017 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਰੈਗੂਲਰ ਪ੍ਰਵਾਨਿਤ ਆਸਾਮੀਆਂ ਦੇ ਵਿਰੁੱਧ ਠੇਕਾ ਜਾਂ ਆਊਟਸੋਰਸ ਆਧਾਰਿਤ ਅਮਲੇ ਦੀ ਭਰਤੀ ਨਾ ਕੀਤੀ ਜਾਵੇ।

3.. ਇਸ ਸਬੰਧੀ ਕੋਈ ਵੀ ਹੋਈ ਅਣਗਹਿਲੀ ਦੀ ਨਿਰੋਲ ਜ਼ਿੰਮੇਵਾਰੀ, ਉਸ ਦਫਤਰ ਦੇ ਮੁੱਖੀ ਦੀ ਹੋਵੇਗੀ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 11/08/2021-4.ਪੀ.ਪੀ.3/ 1219 ਮਿਤੀ, ਚੰਡੀਗੜ੍ਹ: 09-11-2021

ਤੁਰੰਤ

**ਪੰਜਾਬ ਸਰਕਾਰ**

**ਪ੍ਰਸੋਨਲ ਵਿਭਾਗ**

**(ਪੀ.ਪੀ. 3 ਸ਼ਾਖਾ)**

**ਵਿਸ਼ਾ-** **ਅਧਿਕਾਰੀਆਂ/ ਕਰਮਚਾਰੀਆਂ ਦੀ ਸੇਵਾ ਨਵਿਰਤੀ ਉਪਰੰਤ ਮੁੜ ਨਿਯੁਕਤੀ ਖਤਮ ਕਰਨ ਬਾਰੇ।**

******

ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸੇਵਾ-ਨਵਿਰਤੀ ਤੋਂ ਬਾਅਦ ਜਿਹੜੇ ਅਧਿਕਾਰੀ/ਕਰਮਚਾਰੀਆਂ ਭਾਵੇਂ ਉਹ ਪ੍ਰਸੋਨਲ ਵਿਭਾਗ ਦੀ ਪ੍ਰਵਾਨਗੀ ਤੇ ਭਾਵੇਂ ਵਿਭਾਗਾਂ ਵੱਲੋਂ ਆਪਣੇ ਪੱਧਰ ਤੇ ਮੁੜ-ਨਿਯੁਕਤੀ ਕੀਤੀ ਗਈ ਹੋਵੇ। ਉਹਨਾਂ ਰਿਟਾਇਡ ਅਧਿਕਾਰੀਆਂ/ਕਰਮਚਾਰੀਆਂ ਦੀ ਮੁੜ-ਨਿਯੁਕਤੀ (ਕੰਟਰੈਕਟ ਜਾਂ ਕਿਸੇ ਹੋਰ ਆਧਾਰ ਤੇ) ਨੂੰ ਤੁਰੰਤ ਪ੍ਰਭਾਵ ਨਾਲ ਖਤਮ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ। ਕੇਵਲ ਮੁੜ-ਨਿਯੁਕਤ ਕੀਤੇ ਗਏ "ਲਾਅ ਅਫ਼ਸਰਾਂ" ਨੂੰ ਇਹਨਾਂ ਹਦਾਇਤਾਂ ਵਿੱਚ ਛੋਟ ਹੋਵੇਗੀ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 14/03/2021-2.ਪੀ.ਪੀ.3/ 1220 ਮਿਤੀ, ਚੰਡੀਗੜ੍ਹ: 09-11-2021

ਨੰ. 15/27/2008-2ਪੀ.ਪੀ.1/ 1005

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ-1 ਸਾਖਾ)

ਮਿਤੀ, ਚੰਡੀਗੜ੍ਹ 18/11/2021

ਸੇਵਾ ਵਿੱਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

ਵਿਸ਼ਾ:- **ਗਰੁੱਪ ਏ.,ਬੀ.,ਸੀ. ਅਤੇ ਡੀ ਦੇ ਅਧਿਕਾਰੀ/ਕਰਮਚਾਰੀ ਦੀ ਸਾਲਾਨਾ ਏ.ਪੀ.ਏ.ਆਰ ਦੀ ਸਾਲ 2020-21 ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ।**

**(ਕੇਵਲ ਰਾਜ ਦੇ ਸਮੂਹ ਵਿਭਾਗਾਂ ਲਈ)**

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ:15/27/2008-2ਪੀ.ਪੀ.1/962-963, ਮਿਤੀ 26.10.2021 ਵੱਲ ਦਿਵਾਂਉਦੇ ਹੋਏ, ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਰਿਪੋਰਟਕਰਤਾ/ਰਿਵਿਊਕਰਤਾ/ਪ੍ਰਵਾਨਕਰਤਾ ਅਥਾਰਟੀ ਵੱਲੋਂ ਉਨ੍ਹਾਂ ਅਧੀਨ ਕੰਮ ਕਰਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਏ.ਪੀ.ਏ.ਆਰਜ਼ ਲਿਖਣ ਦਾ ਸਮਾਂ ਵਧਾਇਆ ਗਿਆ ਸੀ। ਪਰੰਤੂ ਕਿਉਂਜੋ ਇਹ ਧਿਆਨ ਵਿੱਚ ਆਇਆ ਹੈ ਕਿ ਹੁਣ ਵੀ ਕਈ ਵਿਭਾਗਾਂ ਵੱਲੋਂ ਏ.ਪੀ.ਏ.ਆਰਜ਼, IHRMS ਤੇ ਲਿਖਣ ਸਬੰਧੀ ਤਕਨੀਕੀ ਦਿੱਕਤਾਂ ਆ ਰਹੀਆਂ ਹਨ, ਜਿਸ ਕਾਰਨ ਅਧਿਕਾਰੀਆਂ/ਕਰਮਚਾਰੀਆਂ ਦੇ ਹਿੱਤਾਂ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਰਿਪੋਰਟਕਰਤਾ/ਰਿਵਿਊਕਰਤਾ/ਪ੍ਰਵਾਨਕਰਤਾ ਅਧਿਕਾਰੀਆਂ ਦੁਆਰਾ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼ ਲਿਖਣ ਸਬੰਧੀ ਹੇਠ ਅਨੁਸਾਰ ਸਮਾਂ ਵਧਾਉਣ ਦਾ ਫ਼ੈਸਲਾ ਲਿਆ ਗਿਆ ਹੈ:-

| ਲੜੀ ਨੰ. | ਏ.ਪੀ.ਏ.ਆਰ ਲਿਖਣ ਦਾ ਪੱਧਰ | ਮੌਜੂਦਾ ਮਿਤੀ (for 2020-2021) | ਸੋਧੀ ਹੋਈ ਮਿਤੀ |
|---|---|---|---|
| 1. | ਰਿਪੋਰਟਕਰਤਾ ਅਧਿਕਾਰੀ ਵੱਲੋਂ APAR ਲਿਖਣਾ ਦਾ ਸਮਾਂ | 15 ਅਕਤੂਬਰ | 25 ਨਵੰਬਰ |
| 2. | ਰੀਵਿਊਕਰਤਾ ਅਧਿਕਾਰੀ ਵੱਲੋਂ ਟਿੱਪਣੀ ਦਰਜ ਕੀਤੀ ਜਾਵੇਗੀ | 05 ਨਵੰਬਰ | 01 ਦਸੰਬਰ |
| 3. | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕੀਤੀ ਜਾਵੇਗੀ | 20 ਨਵੰਬਰ | 07 ਦਸੰਬਰ |

2. **ਉਕਤ ਸਮੇਂ ਸਾਰਣੀ ਪੀ.ਸੀ.ਐਸ. ਕਾਡਰ ਅਤੇ ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਪ੍ਰਸ਼ਾਸਨ) ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੀਆਂ।**

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

ਸੁਪਰਡੰਟ, 18/11/2021

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਸੁਪਰਡੰਟ, 18/11/2021

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰਜ਼/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੰ:ਨੰ:15/27/2008-2ਪੀ.ਪੀ.1/ 1006 ਮਿਤੀ, ਚੰਡੀਗੜ੍ਹ: 18/11/2021

ਅੰ:ਵਿ:ਪੰ:ਨੰ:15/27/2008-2ਪੀ.ਪੀ.1// 1007 ਮਿਤੀ, ਚੰਡੀਗੜ੍ਹ: 18/11/2021

ਉਕਤ ਦਾ ਇੱਕ ਉਤਾਰਾ ਸ੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ (ਉਕਤ ਸਮੇਂ ਸਾਰਣੀ ਅਨੁਸਾਰ ਅਥਾਰਟੀਆਂ ਦੀ ਪੋਰਟਲ ਖੋਲਣ) ਲਈ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

ਸੁਪਰਡੰਟ, 18/11/2021

ਨੰ:7/1/2014-3ਪੀਪੀ2/195
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-2 ਸਾਖਾ)

ਮਿਤੀ, ਚੰਡੀਗੜ੍ਹ:23.11.2021

ਸੇਵਾ ਵਿਖੇ

1.ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰਜ, ਜਿਲ੍ਹਿਆਂ ਦੇ ਡਿਪਟੀ ਕਮਿਸਨਰਜ ਅਤੇ
ਉਪ ਮੰਡਲ ਅਫਸਰ(ਸਿਵਲ), ਪੰਜਾਬ।
2.ਰਾਜ ਦੇ ਸਮੂਹ ਬੋਰਡ/ਕਾਰਪੋਰੇਸਨਾਂ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰ।

ਵਿਸ਼ਾ:- ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ/ਤੈਨਾਤੀਆਂ ਕਰਨ ਸਬੰਧੀ।

*****

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ:7/1/2014-3ਪੀਪੀ2/1216986/1-2, ਮਿਤੀ 23.4.2018 ਰਾਹੀਂ ਜਾਰੀ ਪਾਲਿਸੀ, ਜੋ ਇਸ ਸਾਲ (2021-2022) ਵੀ ਲਾਗੂ ਹੈ, ਦੇ ਪੈਰ੍ਹਾ-3 ਅਤੇ ਇਸ ਸਬੰਧ ਵਿੱਚ ਸਮੇਂ-ਸਮੇਂ ਤੇ ਜਾਰੀ ਪੱਤਰ ਨੰ:PERS-PP-20MISC/67/2020-3PP2/63-66, ਮਿਤੀ 24.03.2021, ਪੱਤਰ ਨੰ: PERS-PP-21MISC/50/2020-3PP2/1/175946/2021, ਮਿਤੀ 30.04.2021 ਅਤੇ ਨੰ:7/1/2014-3ਪੀਪੀ2/91-94, ਮਿਤੀ 29.6.2021, ਜਿਸ ਰਾਹੀਂ ਬਦਲੀਆਂ/ਤੈਨਾਤੀਆਂ ਕਰਨ ਦਾ ਸਮਾਂ ਵਧਾਇਆ ਗਿਆ ਸੀ, ਦੀ ਲਗਾਤਾਰਤਾ ਵਿੱਚ ਧਿਆਨ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ/ਤੈਨਾਤੀਆਂ ਕਰਨ ਤੇ ਸੰਪੂਰਨ ਰੋਕ ਲਗਾਈ ਜਾਂਦੀ ਹੈ।

ਵਿਸ਼ਵਾਸਪਾਤਰ
ਸੰਜਾ ਰੇੜ੍ਹਿ
(ਸੁਪਰਡੰਟ) 23/11/21

ਇਸ ਦਾ ਇੱਕ ਉਤਾਰਾ ਸਮੂਹ ਵਿਸੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਜਾ ਰੇੜ੍ਹਿ 23/11/21
ਸੁਪਰਡੰਟ

ਸੇਵਾ ਵਿਖੇ

ਸਮੂਹ ਵਿਸੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਪੰ.ਵਿ.ਪੰ.ਨੰ: 7/1/2014-3ਪੀਪੀ2/196

ਮਿਤੀ,ਚੰਡੀਗੜ੍ਹ:23.11.2021

Scanned with CamScanner

ਇਸ ਦਾ ਇੱਕ ਉਤਾਰਾ (1)ਮੁੱਖ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ (2) ਪ੍ਰਮੁੱਖ ਸਕੱਤਰ ਮੁੱਖ ਮੰਤਰੀ, ਪੰਜਾਬ (3) ਸਮੂਹ ਮੰਤਰੀ ਸਾਹਿਬਾਨ ਦੇ ਵਿਸੇਸ ਸਕੱਤਰ/ਸਕੱਤਰ/ਨਿੱਜੀ ਸਕੱਤਰ ਅਤੇ (4) ਸਕੱਤਰ/ਮੁੱਖ ਸਕੱਤਰ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ 23/11/21

ਸੇਵਾ ਵਿਖੇ

1)ਮੁੱਖ ਪ੍ਰਮੁੱਖ ਸਕੱਤਰ ਮੁੱਖ ਮੰਤਰੀ, ਪੰਜਾਬ
2)ਪ੍ਰਮੁੱਖ ਸਕੱਤਰ ਮੁੱਖ ਮੰਤਰੀ, ਪੰਜਾਬ
3)ਸਮੂਹ ਮੰਤਰੀ ਸਾਹਿਬਾਨ ਦੇ ਵਿਸੇਸ ਸਕੱਤਰ/ਸਕੱਤਰ/ਨਿੱਜੀ ਸਕੱਤਰ ਅਤੇ
4)ਸਕੱਤਰ/ਮੁੱਖ ਸਕੱਤਰ, ਪੰਜਾਬ।

ਅੰ.ਵਿ.ਪੱ.ਨੰ: 7/1/2014-3ਪੀਪੀ2/197 ਮਿਤੀ,ਚੰਡੀਗੜ੍ਹ:23.11.2021

ਪਿੱਠ ਅੰਕਣ ਨੰ7/1/2014-3ਪੀਪੀ2/198 ਮਿਤੀ,ਚੰਡੀਗੜ੍ਹ:23.11.2021

ਇਸ ਦਾ ਇੱਕ ਉਤਾਰਾ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਅਖਬਾਰਾਂ ਵਿੱਚ ਪ੍ਰਕਾਸਿਤ ਕਰਨ ਅਤੇ ਨਾਲ ਹੀ ਦੂਰਦਰਸਨ/ਰੇਡੀਓ ਰਾਹੀਂ ਪ੍ਰਸਾਰਿਤ ਕੀਤਾ ਜਾਵੇ।

ਸੁਪਰਡੰਟ 23/11/2021

Scanned with CamScanner

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਵਿਸ਼ਾ: - ਪੰਜਾਬ ਸਰਕਾਰ ਅਧੀਨ ਸਿੱਧੀ ਭਰਤੀ ਲਈ ਲੋੜੀਂਦੀ ਪੰਜਾਬੀ ਭਾਸ਼ਾ ਦੀ ਯੋਗਤਾਂ ਸਮੂਹ ਵਿਭਾਗਾਂ ਦੇ ਨਾਲ-ਨਾਲ ਬੋਰਡਾਂ/ਕਾਰਪੋਰੇਸ਼ਨਾਂ/ਕਮਿਸ਼ਨਾਂ/ਅਥਾਰਟੀਆਂ ਆਦਿ ਵਿੱਚ ਇੰਨ-ਬਿੰਨ ਲਾਗੂ ਕਰਨ ਬਾਰੇ।

***

ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕਰਨ।

2. ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਪੱਤਰ ਨੰਬਰ 3107-1 ਭਾਸ਼ਾ-68/21805 ਮਿਤੀ 3 ਜੂਨ, 1968 ਰਾਹੀਂ ਪੰਜਾਬ ਸਰਕਾਰ ਅਧੀਨ ਸਾਰੀਆਂ ਨੌਕਰੀਆ ਤੇ ਭਰਤੀ ਲਈ ਪੰਜਾਬੀ ਭਾਸ਼ਾ ਵਿੱਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਵਿਦਿਅਕ ਯੋਗਤਾ ਪਾਸ ਕੀਤੀ ਹੋਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਨਿਯਮ 17 ਅਨੁਸਾਰ ਵੀ ਪੰਜਾਬ ਸਰਕਾਰ ਅਧੀਨ ਗਰੁੱਪ ਏ, ਬੀ ਅਤੇ ਸੀ ਦੀਆਂ ਆਸਾਮੀਆਂ ਤੇ ਭਰਤੀ ਲਈ ਪਹਿਲਾਂ ਹੀ ਪੰਜਾਬੀ ਭਾਸ਼ਾ ਦੀ ਯੋਗਤਾਂ/ਗਿਆਨ ਲਾਜ਼ਮੀ ਕੀਤਾ ਗਿਆ ਹੈ। ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਨਿਯਮ 17 ਵਿੱਚ ਹੇਠ ਦਰਸਾਏ ਉਪਬੰਧ ਦਰਜ ਹਨ: -

[17. **Knowledge of Punjabi Language** - No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language, which may be specified by the Government from time to time:

Provided that where a person is appointed on compassionate grounds on priority basis under the instructions issued in this behalf by the Government from time to time, the person so appointed shall have to pass an examination of Punjabi language equivalent to Matriculation standard or he shall have to qualify a test conducted by the Language Wing of the Department of Education of Punjab Government within a period of six months from the date of his appointment:

Provided further that where educational qualifications for a post in any service are lower than the Matriculation standard, then the person so appointed shall have to pass an examination of Punjabi language equivalent to Middle standard:

Provided further that where a War Hero, who has been discharged from defence services or paramilitary forces on account of disability suffered by him or his widow or dependent member of his family, is appointed under the instructions issued in this behalf by the Government, the person so appointed will not be required to possess aforesaid knowledge of Punjabi language:

Provided further that where a ward of Defence Service Personnel, who is a bona fide resident of Punjab State, is appointed by direct appointment, he shall have to pass an examination of Punjabi Language equivalent to Matriculation Standard or he shall have to qualify a test conducted by the Language Wing of the Department of Education of Punjab Government within a period of two years from the date of his appointment.]

3. ਪੰਜਾਬ ਸਰਕਾਰ ਦਾ ਕੰਮ-ਕਾਜ ਸੁਚਾਰੂ ਢੰਗ ਨਾਲ ਚਲਾਉਣ ਲਈ ਪੰਜਾਬੀ ਭਾਸ਼ਾ ਦਾ ਗਿਆਨ ਬਹੁਤ ਜ਼ਰੂਰੀ ਹੈ। ਇਸ ਲਈ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜੇਕਰ ਆਪ ਦੇ ਵਿਭਾਗ ਦੇ ਸੇਵਾ ਨਿਯਮਾਂ ਵਿੱਚ ਪੰਜਾਬੀ ਭਾਸ਼ਾ ਦੀ ਯੋਗਤਾ ਸਬੰਧੀ ਉਪਬੰਧ ਉਪਰੋਕਤ ਅਨੁਸਾਰ ਨਹੀਂ ਹਨ ਤਾਂ ਆਪਣੇ ਸੇਵਾ ਨਿਯਮਾਂ ਵਿੱਚ ਤੁਰੰਤ ਸੋਧ ਕੀਤੀ ਜਾਵੇ।

4. ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਧੀਨ ਚੱਲ ਰਹੇ ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ, ਅਥਾਰਟੀਆਂ/Parastatals ਆਦਿ ਵੱਲੋਂ ਆਪਣੇ ਕਰਮਚਾਰੀਆਂ ਲਈ ਸੇਵਾ ਨਿਯਮ ਖੁਦ ਬਣਾਏ ਜਾਂਦੇ ਹਨ। ਇਸ ਲਈ ਬੇਨਤੀ ਹੈ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਆਪ ਦੇ ਵਿਭਾਗਾਂ ਦੇ ਅਧੀਨ ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ, ਅਥਾਰਟੀਆਂ/Parastatals ਆਦਿ ਦੇ ਸੇਵਾ ਨਿਯਮਾਂ ਵਿੱਚ ਵੀ ਇਹ ਉਪਬੰਧ ਸ਼ਾਮਿਲ ਕਰਨੇ ਯਕੀਨੀ ਬਣਾਏ ਜਾਣ।

5. ਜੇਕਰ ਇਸ ਸਬੰਧੀ ਸੇਵਾ ਨਿਯਮਾਂ ਵਿੱਚ ਸੋਧ ਦੀ ਲੋੜ ਹੈ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਕਰਨੀ ਯਕੀਨੀ ਬਣਾਈ ਜਾਵੇ।

6. ਇਸ ਪੱਤਰ ਦੀ ਪਾਲਣਾ ਰਿਪੋਰਟ 10 ਦਿਨਾਂ ਦੇ ਅੰਦਰ ਅੰਦਰ ਇਸ ਵਿਭਾਗ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਹ ਕਾਰਵਾਈ ਰਿਪੋਰਟ ਮੁੱਖ ਸਕੱਤਰ, ਪੰਜਾਬ ਜੀ ਨੂੰ ਪੇਸ਼ ਕੀਤੀ ਜਾ ਸਕੇ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ, ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੰ:ਨੰ: 1/4/2021-5ਪੀ.ਪੀ.1/1158 ਮਿਤੀ, ਚੰਡੀਗੜ੍ਹ: 03/12/2021

ਮਿਸਲ ਨੰ:PERS-PP-20CAPP/45/2021-4PP2 / 210

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ.2-ਸ਼ਾਖਾ)

ਮਿਤੀ,ਚੰਡੀਗੜ੍ਹ; 06/12/21

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਐਂਡ ਹਰਿਆਣਾ ਹਾਈ ਕੋਰਟ,
ਡਵੀਜਨਾ ਦੇ ਕਮਿਸ਼ਨਰਜ਼, ਜਿਲ੍ਹਿਆ ਦੇ ਡਿਪਟੀ ਕਮਿਸ਼ਨਰਜ਼ ਅਤੇ
ਉਪ ਮੰਡਲ ਅਫਸਰ (ਸਿਵਲ), ਪੰਜਾਬ।

**Sub: ਪਹਿਲ ਦੇ ਆਧਾਰ ਤੇ ਨਿਯੁਕਤੀ ਵਿੱਚ ਵਿਧੁਰ (Widower) ਦੀ ਉਮਰ ਦੀ ਉਪਰਲੀ ਸੀਮਾਂ ਵਿੱਚ ਵਾਧਾ ਕਰਨ ਸਬੰਧੀ।**

ਸ੍ਰੀਮਤੀ/ਸ੍ਰੀਮਾਨ ਜੀ,

ਮੈਨੂ ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦਾ ਧਿਆਨ ਪ੍ਰਸੋਨਲ ਵਿਭਾਗ ਵੱਲੋ ਜਾਰੀ ਹਦਾਇਤਾਂ ਨੰ; 18/86/91-2ਪੀਪੀ1/11969 ਮਿਤੀ 04-08-1992, ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਉਪਰੋਕਤ ਹਦਾਇਤਾਂ ਅਨੁਸਾਰ ਪਹਿਲ ਦੇ ਆਧਾਰ ਤੇ ਨਿਯੁਕਤੀ ਲਈ ਵਿਧਵਾਵਾਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਮਿੱਥੀ ਸੀਮਾਂ ਵਿੱਚ 50 ਸਾਲ ਤੱਕ ਪ੍ਰਬੰਧਕੀ ਵਿਭਾਗ ਵੱਲੋ ਢਿੱਲ ਦਿੱਤੀ ਜਾ ਸਕਦੀ ਸੀ। ਹੁਣ ਸਰਕਾਰ ਵੱਲੋ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਵਿਧਵਾ ਦੀ ਤਰਜ਼ ਤੇ ਵਿਧੁਰ (Widower) ਨੂੰ ਵੀ ਉਮਰ ਦੀ ਉਪਰਲੀ ਮਿੱਥੀ ਸੀਮਾਂ ਵਿੱਚ 50 ਸਾਲ ਤੱਕ ਪ੍ਰਬੰਧਕੀ ਵਿਭਾਗ ਵੱਲੋ ਢਿੱਲ ਦਿੱਤੀ ਜਾ ਸਕਦੀ ਹੈ।

ਸੁਪਰਡੰਟ 6/12/21
SUKHCHAIN KAPOOR

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ 6/12/2021
SUKHCHAIN KAPOOR

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਤੁਰੰਤ

**ਪੰਜਾਬ ਸਰਕਾਰ**

**ਪ੍ਰਸੋਨਲ ਵਿਭਾਗ**

**(ਪੀ.ਪੀ. 3 ਸ਼ਾਖਾ)**

**ਵਿਸ਼ਾ-** **ਅਧਿਕਾਰੀਆਂ/ ਕਰਮਚਾਰੀਆਂ ਦੀ ਸੇਵਾ ਨਵਿਰਤੀ ਉਪਰੰਤ ਮੁੜ ਨਿਯੁਕਤੀ ਖਤਮ ਕਰਨ ਬਾਰੇ।**

******

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ: ਅੰ.ਵਿ.ਪੱ.ਨੰ: 14/03/2021-2ਪੀ.ਪੀ.3/1220 ਮਿਤੀ 09-11-2021 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਸਪਸ਼ਟ ਕੀਤਾ ਜਾਂਦਾ ਕਿ ਇਹ ਹਦਾਇਤਾਂ ਹੇਠ ਲਿਖਿਆਂ ਤੇ ਲਾਗੂ ਨਹੀਂ ਹੋਣਗੀਆਂ ਬਸ਼ਰਤੇ ਕੇ ਇਹ ਮੁੜ-ਨਿਯੁਕਤੀ ਸਰਕਾਰ ਦੀਆਂ ਰੈਗੂਲਰ ਪ੍ਰਵਾਨਿਤ ਅਸਾਮੀਆਂ ਦੇ ਵਿਰੁੱਧ ਨਾ ਕੀਤੀ ਗਈ ਹੋਵੇ:-

I. ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪ੍ਰੋਜੈਕਟ ਦੇ ਪੂਰਾ ਹੋਣ ਤੱਕ ਜਾਂ 31-03-2022 ਜੋ ਵੀ ਪਹਿਲਾਂ ਹੋਵੇ),

II. ਸੈਂਟਰਲ ਸਪੋਨਸਰਡ ਸਕੀਮ/ ਸਟੇਟ ਸਕੀਮ,

III. ਕਿਸੇ ਕਾਨੂੰਨ ਤਹਿਤ ਸਥਾਪਿਤ ਕਮਿਸ਼ਨ ਵਿੱਚ tenure based ਨਿਯੁਕਤੀ।

3. ਇਹ ਪੱਤਰ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 14/03/2021-2ਪੀ.ਪੀ.3/1310 ਮਿਤੀ, ਚੰਡੀਗੜ੍ਹ: 06-12-2021

**No. 15/98/18-6PP3/ 1317**
**Government of Punjab**
**Department of Personnel**
**(Personnel Policies-III Branch)**

To

All the Heads of Departments,
Commissioners of Divisions,
Deputy Commissioners,
Sub Divisional Magistrates and
All the Managing Directors/Chairperson
Of Corporations and Boards
In the State of Punjab.

Dated; Chandigarh: 06.12.2021

Subject: Combined examination for recruitment to similar posts/services-Procedure regarding allocation of candidates to various services.

I am directed to refer to the Punjab Government Circular No. 391-3GS-62/1443 dated 11.01.1962 on the subject cited above and to inform that the State Government has decided to substitute sub-para (ii) of para 44 of the above instructions as follows :-

"The Commission, while forwarding names of competitors in order of merit, shall clearly indicate the choice made by candidates in regard to preference for service. The list shall also include the names of candidates belonging to the Scheduled Castes/Tribes and other Backward classes in order of merit. When advertising for these posts, the Commission will make it clear that the choice indicated by the candidate would be final unless changed before the final result becomes available."

02. The above amendment will be effective from the date of issuance of these instructions.

03. These changes in the policy instructions referred to above may kindly be brought to the notice of all concerned for meticulous compliance.

04. The instructions regarding above subject issued by this Department vide letter No. 15/98/18-6PP3/142, dated 16.02.2021, are hereby withdrawn with immediate effect.

Yours faithfully
Swaranjit Kaur
(Swaranjit Kaur) 6.12.21
Under Secretary, Personnel.

A copy each is forwarded to all the Financial Commissioners, Principal Secretaries and Administrative Secretaries to the Government of Punjab, for information and meticulous compliance.

Yours faithfully
Swaranjit Kaur
(Swaranjit Kaur) 6.12.21
Under Secretary, Personnel.

To

All the Financial Commissioners, Principal Secretaries
And Administrative Secretaries to Government of Punjab.

I.D.No. 15/98/18-6PP3/1317 Dated, Chandigarh, 06-12-2021

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-3 ਸ਼ਾਖਾ)

ਅਧਿਸੂਚਨਾਂ

ਮਿਤੀ 10.12.2021

06/01/2021-2ਪੀ.ਪੀ.3/1372 ਕਲੰਡਰ ਸਾਲ-2022 ਦੌਰਾਨ ਪੰਜਾਬ ਸਰਕਾਰ ਦੀਆਂ ਹੇਠ ਲਿਖੀ ਅਨੁਸੂਚੀ ਵਾਲੀਆਂ ਗਜ਼ਟਿਡ ਛੁੱਟੀਆਂ ਘੋਸ਼ਿਤ ਕੀਤੀਆਂ ਜਾਂਦੀਆਂ ਹਨ:-

ਅਨੁਸੂਚੀ

| ਲੜੀ ਨੰ: | ਛੁੱਟੀ(ਆਂ) ਦੇ ਨਾਮ | ਛੁੱਟੀ ਦੀ ਮਿਤੀ | ਹਫਤੇ ਦੇ ਦਿਨ |
|---|---|---|---|
| 1 | 2 | 3 | 4 |
| | ਸਾਰੇ ਸ਼ਨੀਵਾਰ<br>ਸਾਰੇ ਐਤਵਾਰ | | |
| | ਦੂਜੀਆਂ ਹੋਰ ਛੁੱਟੀਆਂ | | |
